## ਸ਼੍ਰੇਣੀ- ਸੱਤਵੀ

## ਪੰਜਾਬੀ (ਦੂਜੀ ਭਾਸ਼ਾ)

**ਉਦੇਸ਼**

**1. ਪੜ੍ਹਾਈ**

(1) ਵਿਦਿਆਰਥੀ ਪੜ੍ਹਨ-ਸਮਗਰੀ ਨੂੰ ਬੋਲ ਕੇ ਅਤੇ ਚੁੱਪ-ਚਾਪ ਪੜ੍ਹ ਸਕੇ।

(2) ਉਹ ਵਿਸਰਾਮ ਚਿੰਨ੍ਹਾਂ ਅਨੁਸਾਰ ਅਤੇ ਸਹੀ ਉਚਾਰਨ ਨਾਲ਼ ਪੜ੍ਹ ਸਕੇ।

(3) ਉਹ ਛਪੀ ਸਮਗਰੀ ਤੋਂ ਇਲਾਵਾ ਹੱਥ-ਲਿਖ਼ਤ ਵੀ ਪੜ੍ਹ ਸਕੇ।

(4) ਉਹ ਹਿੰਦੀ ਤੇ ਪੰਜਾਬੀ ਦੀਆਂ ਧੁਨੀਆਂ ਵਿੱਚ ਨਿਖੇੜਾ ਕਰ ਸਕੇ।

(5) ਉਹ ਲੋੜ ਪੈਣ 'ਤੇ ਪਾਠ-ਪੁਸਤਕ ਤੋਂ ਬਿਨਾਂ ਕਿਸੇ ਹੋਰ ਲਿਖਤ ਅਰਥਾਤ ਕਵਿਤਾ, ਕਹਾਣੀ,ਵਾਰਤਾ, ਸੂਚਨਾ ਆਦਿ ਨੂੰ ਠਰ੍ਹੰਮੇ ਤੇ ਵਹਾਅ ਨਾਲ਼ ਪੜ੍ਹ ਕੇ ਸੁਣਾ ਸਕੇ।

**2 (ੳ) ਗ੍ਰਹਿਣ ਕਰਨਾ (ਪੜ੍ਹ ਕੇ)**

(1) ਵਿਦਿਆਰਥੀ ਪਾਠ-ਪੁਸਤਕਾਂ ਵਿੱਚੋਂ ਕਿਸੇ ਪਾਠ ਨੂੰ ਪੜ੍ਹ ਕੇ ਉਸ ਦਾ ਸਾਰ ਦੱਸ ਸਕੇ।

(2) ਉਹ ਪੜ੍ਹੀ ਹੋਈ ਸਮਗਰੀ ਬਾਰੇ ਪੁੱਛੇ ਗਏ ਸਵਾਲਾਂ ਦਾ ਉੱਤਰ ਦੱਸ ਸਕੇ।

**(ਅ) ਗ੍ਰਹਿਣ ਕਰਨਾ (ਸੁਣ ਕੇ)**

(1) ਵਿਦਿਆਰਥੀ ਦੂਜਿਆਂ ਦੇ ਵਿਚਾਰਾਂ ਨੂੰ ਸੁਣ ਕੇ ਸਮਝ ਕੇ।

(2) ਉਹ ਬੋਲਣ ਵਾਲ਼ੇ ਦੇ ਸ਼ਬਦਾਂ ਵਿੱਚ ਲੁਕੇ ਵਿਅੰਗ ਆਦਿ ਨੂੰ ਸਮਝ ਅਤੇ ਸਲਾਹ ਸਕੇ।

(3) ਉਹ ਕਹਾਣੀਆਂ, ਚੁਟਕਲੇ, ਕਵਿਤਾਵਾਂ ਅਤੇ ਗੀਤਾਂ ਆਦਿ ਨੂੰ ਸੁਣ ਕੇ ਸਲਾਹ ਸਕੇ।

**3 ਪ੍ਰਗਟਾਅ**

**(ੳ) ਮੌਖਿਕ ਪ੍ਰਗਟਾਅ**

(1) ਵਿਦਿਆਰਥੀ ਆਪਣੇ ਵਿਚਾਰਾਂ ਨੂੰ ਸਰਲਤਾ ਅਤੇ ਰਵਾਨੀ ਨਾਲ਼ ਪ੍ਰਗਟ ਕਰ ਸਕੇ।

(2) ਉਹ ਆਪਣੇ ਆਲ਼ੇ-ਦੁਆਲ਼ੇ ਦੇ ਲੋਕਾਂ ਨਾਲ਼ ਗੱਲ-ਬਾਤ ਕਰ ਸਕੇ।

(3) ਉਹ ਕਿਸੇ ਜਾਣੀ-ਪਛਾਣੀ ਵਸਤੂ, ਥਾਂ ਜਾਂ ਵਿਸ਼ੇ ਬਾਰੇ ਆਪਣੇ ਵਿਚਾਰ ਪ੍ਰਗਟ ਕਰ ਸਕੇ।

**(ਅ) ਲਿਖਤੀ ਪ੍ਰਗਟਾਅ**

(1) ਵਿਦਿਆਰਥੀ ਗੁਰਮੁਖੀ ਲਿਪੀ ਦੇ ਅੱਖਰਾਂ ਨੂੰ ਸੋਹਣਾ ਕਰਕੇ ਲਿਖ ਸਕੇ।

(2) ਉਹ ਗੁਰਮੁਖੀ ਦੇ ਸ਼ਬਦ-ਜੋੜਾਂ ਨੂੰ ਦੇਵਨਾਗਰੀ ਦੇ ਸ਼ਬਦ-ਜੋੜਾਂ ਤੋਂ ਨਿਖੇੜ ਕੇ ਲਿਖ ਸਕੇ।

(3) ਉਹ ਪਾਠ-ਪੁਸਤਕ ਵਿੱਚੋਂ ਪੜ੍ਹੀ ਹੋਈ ਸਮਗਰੀ ਬਾਰੇ ਪੁੱਛੇ ਸਵਾਲਾਂ ਦੇ ਜਵਾਬ ਲਿਖ ਸਕੇ।

(4) ਉਹ ਆਪਣੇ ਆਲ਼ੇ-ਦੁਆਲ਼ੇ ਦੀਆਂ ਲੋੜਾਂ ਅਨੁਸਾਰ ਰੋਜ਼ਾਨਾ ਡਾਇਰੀ, ਸੂਚਨਾ ਆਦਿ ਨੂੰ ਲਿਖ ਸਕੇ।

(5) ਉਹ ਨਿੱਤ ਦੇ ਜੀਵਨ ਦੀ ਲੋੜ ਅਨੁਸਾਰ ਰੋਜ਼ਾਨਾ ਡਾਇਰੀ, ਸੂਚਨਾ ਆਦਿ ਨੂੰ ਲਿਖ ਸਕੇ।

(6) ਆਪਣੀ ਕਿਸੇ ਸਹੇਲੀ/ਮਿੱਤਰ ਤੇ ਸਾਕ ਸੰਬੰਧੀ ਨੂੰ ਚਿੱਠੀ ਆਦਿ ਲਿਖ ਸਕੇ।

ਮਿਡਲ ਸ਼੍ਰੇਣੀ ਵਿੱਚ ਪੰਜਾਬੀ (ਦੂਜੀ ਭਾਸ਼ਾ) ਦੀ ਲਿਖਣ ਸਮਗਰੀ ਵਿਸ਼ਾ-ਵਸਤੂ ਦੇ ਰੂਪ ਹੇਠ ਲਿਖੇ ਹੋਣਗੇ:

ਲੇਖ, ਚਿੱਠੀ/ਬਿਨੈ-ਪੱਤਰ, ਕਹਾਣੀ, ਕਵਿਤਾ, ਸਫ਼ਰ, ਘਟਨਾ ਜਾਂ ਦ੍ਰਿਸ਼-ਵਰਨਣ, ਪ੍ਰਸ਼ਨਾਂ ਦੇ ਉੱਤਰ, ਰੋਜ਼ਾਨਾ ਡਾਇਰੀ ਆਦਿ।

**ਲਿਖਣ ਸਮਗਰੀ**

**ਨਿਬੰਧ** : ਨਿਬੰਧ ਲਿਖਣ ਲਈ ਵਿਸ਼ੇ ਛੇਵੀਂ ਸ਼੍ਰੇਣੀ ਵਾਲ਼ੇ ਹੀ ਰੱਖ ਕੇ ਪਰੰਤੂ ਵਸਤੂ ਨੂੰ ਵਿਸਥਾਰ ਦੇ ਕੇ ਲਿਖਣ ਦਾ ਅਭਿਆਸ ਕਰਾਉਣਾ। ਸਾਲ ਵਿੱਚ ਲਗ-ਪਗ 12 ਨਿਬੰਧ ਲਿਖਵਾਉਣ ਦਾ ਅਭਿਆਸ ਕਰਵਾਇਆ ਜਾਵੇ।

**ਚਿੱਠੀਆਂ** : ਪਰਿਵਾਰਕ/ਸਮਾਜਿਕ ਜੀਵਨ ਨਾਲ਼ ਸੰਬੰਧਿਤ ਸਥਿਤੀਆਂ ਬਾਰੇ ਚਿੱਠੀ ਲਿਖਣ ਦਾ ਅਭਿਆਸ ਕਰਾਉਣਾ। ਚਿੱਠੀਆਂ ਵਿੱਚ ਪੇਸ਼ਕਾਰੀ, ਸੂਚਨਾ ਜਾਂ ਸਥਿਤੀ ਵਰਨਣ ਵਾਲ਼ੀ ਹੀ ਹੋਵੇਗੀ।

**ਬਿਨੈ-ਪੱਤਰ** : ਮੁੱਖ ਅਧਿਆਪਕ ਨੂੰ ਛੁੱਟੀ, ਜੁਰਮਾਨਾ-ਮਾਫ਼ੀ ਆਦਿ ਲਈ ਅਤੇ ਸਥਾਨਿਕ ਅਧਿਕਾਰੀਆਂ ਜਿਵੇਂ ਬੀ. ਡੀ. ਓ./ਸਰਪੰਚ ਜਾਂ ਮਿਉਂਸਪਲ ਕਮੇਟੀ ਦੇ ਮੁਖੀ, ਸਿਹਤ-ਅਧਿਕਾਰੀ, ਪੋਸਟ ਮਾਸਟਰ ਆਦਿ ਨੂੰ ਸੰਬੰਧਤ ਸਮੱਸਿਆਵਾਂ ਜਾਂ ਮੰਗਾਂ ਬਾਰੇ ਬਿਨੈ ਪੱਤਰ ਲਿਖਣਾ। ਇਸ ਸ਼੍ਰੇਣੀ ਵਿੱਚ ਚਿੱਠੀਆਂ ਅੇਤ ਬਿਨੈ-ਪੱਤਰਾਂ ਦੀ ਗਿਣਤੀ ਲਗ-ਪਗ 10 ਹੋਵੇਗੀ।

**ਕਹਾਣੀਆਂ** : ਪੰਜਾਬ ਅਤੇ ਭਾਰਤ ਦੇ ਸੱਭਿਆਚਾਰਿਕ ਜੀਵਨ ਵਿੱਚੋਂ ਨੈਤਿਕ ਕਦਰਾਂ-ਕੀਮਤਾਂ ਵਾਲ਼ੀਆਂ ਅਧਿਆਪਕ ਦੁਆਰਾ ਸੁਣਾਈਆਂ ਕਹਾਣੀਆਂ ਨੂੰ ਮੁੜ ਆਪਣੇ ਸ਼ਬਦਾਂ ਵਿੱਚ ਲਿਖਣਾ। ਅਜਿਹੀਆਂ 5 ਕਹਾਣੀਆਂ ਲਿਖਵਾਉਣ ਦਾ ਅਭਿਆਸ ਕਰਵਾਇਆ ਜਾਵੇ।

**ਪਾਠ-ਅਭਿਆਸ** : ਪਾਠ-ਪੁਸਤਕ ਵਿੱਚੋਂ ਪੁੱਛੇ ਗਏ ਪ੍ਰਸ਼ਨਾਂ ਦੇ ਉੱਤਰ ਤੇ ਪਾਠਾਂ ਦੇ ਸਾਰ ਲਿਖਣੇ। ਹਿੰਦੀ ਤੋਂ ਪੰਜਾਬੀ ਅਤੇ ਪੰਜਾਬੀ ਤੋਂ ਹਿੰਦੀ ਵਿੱਚ ਅਨੁਵਾਦ ਕਰਨ ਦਾ ਅਭਿਆਸ ਇਹਨਾਂ ਪਾਠਾਂ ਦੇ ਨਾਲ਼-ਨਾਲ਼ ਕਰਵਾਇਆ ਜਾਵੇ।

**ਵਿਆਕਰਨ** : ਛੇਵੀਂ ਸ਼੍ਰੇਣੀ ਵਿੱਚ ਮਿਥੇ ਵਿਆਕਰਨ- ਅੰਸ਼ਾਂ ਦੀ ਪਕਿਆਈ ਦੇ ਨਾਲ਼-ਨਾਲ਼ ਸਰਲ ਮੁਹਾਵਰਿਆਂ ਅਤੇ ਅਖਾਣਾਂ ਦੀ ਵਰਤੋਂ ਕਰਨੀ ਸਿਖਾਉਣਾ।

**ਨਿਰਧਾਰਿਤ ਪਾਠ-ਪੁਸਤਕ :**

1) ਪੰਜਾਬੀ ਪਾਠ-ਪੁਸਤਕ-7 (ਦੂਜੀ ਭਾਸ਼ਾ)

**(ਪੰਜਾਬ ਸਕੂਲ ਸਿੱਖਿਆ ਬੋਰਡ ਦੁਆਰਾ ਪ੍ਰਕਾਸ਼ਿਤ)**